# ਦਿ ਡਰਾਈਵ



ਦਸੰਬਰ 2025 ਅੰਕ 31

## ਇਸ ਐਡੀਸ਼ਨ ਵਿੱਚ

ਜਿਵੇਂ ਅਸੀ 2025 ਦੇ ਅੰਤ ਦੇ ਨੇੜੇ ਪਹੁੰਚ ਰਹੇ ਹਾਂ, ਮੈਂ ਥੋੜ੍ਹਾ ਸਮਾਂ ਲੈ ਕੇ ਆਫ਼ਿਸ ਆਫ਼ ਦਿ ਕੰਟੇਨਰ ਟਰੱਕਿੰਗ ਕਮਿਸ਼ਨਰ (ਓ ਬੀ ਸੀ ਸੀ ਟੀ ਸੀ) ਵੱਲੋਂ ਕੀਤੀ ਗਈ ਪ੍ਰਗਤੀ ਅਤੇ ਉਹ ਤਰਜੀਹਾਂ ਜੋ ਸਾਡੇ ਕੰਮ ਦੀ ਅਗਵਾਈ ਕਰਦੀਆਂ ਹਨ, ਉਹਨਾਂ 'ਤੇ ਵਿਚਾਰ ਕਰਨਾ ਚਾਹੁੰਦਾ ਹਾਂ।

ਹਾਲ ਹੀ ਵਿੱਚ ਮੈਂ ਇੰਡਸਟਰੀ ਐਡਵਾਈਸਰੀ ਕਮੇਟੀ ਨਾਲ ਮਿਲਿਆ ਤਾਂ ਜੋ ਉਹਨਾਂ ਨਾਲ ਸਾਡੀਆਂ ਜਾਰੀ ਲਾਗੂਕਰਨ ਦੀਆਂ ਤਰਜੀਹਾਂ, ਟਰੱਕ ਟੈਗਸ ਦੀ ਵੰਡ ਅਤੇ 2026 ਲਾਈਸੈਂਸ ਅਰਜ਼ੀਆਂ ਦੀ ਤਿਆਰੀਆਂ ਬਾਰੇ ਚਰਚਾ ਕੀਤੀ ਜਾ ਸਕੇ। ਇਹ ਵਿਚਾਰ-ਵਟਾਂਦਰੇ ਸਾਡੇ ਸਹਿਯੋਗੀ ਢੰਗ ਦਾ ਇੱਕ ਮਹੱਤਵਪੂਰਨ ਹਿੱਸਾ ਹਨ ਅਤੇ ਇਹ ਯਕੀਨੀ ਬਣਾਉਂਦੇ ਹਨ ਕਿ ਉਦਯੋਗ ਦੀਆਂ ਆਵਾਜ਼ਾਂ ਸੁਣੀਆਂ ਜਾਣ ਅਤੇ ਮੈਂ ਉਹਨਾਂ ਦੇ ਫ਼ੀਡਬੈਕ ਦੀ ਕਦਰ ਕਰਦਾ ਹਾਂ।

ਸਾਡੇ ਲਾਗੂਕਰਨ ਦੇ ਯਤਨਾਂ ਦੇ ਨਤੀਜੇ ਵਜੋਂ ਲੋਅਰ ਮੇਨਲੈਂਡ ਵਿੱਚ ਕੰਟੇਨਰ ਟਰੱਕਿੰਗ ਨੂੰ ਨਿਯੰਤਰਿਤ ਕਰਨ ਵਾਲੇ ਨਿਯਮਾਂਕ ਢਾਂਚੇ ਖਿਲਾਫ਼ ਕਾਨੂੰਨੀ ਚੁਣੌਤੀਆਂ ਸਾਹਮਣੇ ਆਈਆਂ। ਬ੍ਰਿਟਿਸ਼ ਕੋਲੰਬੀਆ ਸੁਪਰੀਮ ਕੋਰਟ ਨੇ ਇਸ ਸਾਲ ਕੰਟੇਨਰ ਟਰੱਕਿੰਗ ਕੰਮ ਦੇ ਦਾਇਰੇ ਦੀ ਵਿਆਖਿਆ, ਟਰੱਕ ਟੈਗਸ ਦੀ ਵੰਡ ਵਿੱਚ ਲਾਈਸੈਂਸੀਸ ਦੇ ਖਰਾਬ ਪਾਲਣਾ ਰਿਕਾਰਡ ਨੂੰ ਧਿਆਨ ਵਿੱਚ ਰੱਖਣ ਅਤੇ ਇਹ ਲੋੜ ਕਿ ਆਈ/ਓ ਟਰੱਕ ਟੈਗਸ 'ਤੇ ਆਈ/ਓ ਜ਼ਿਆਦਾਤਰ ਖੁੱਦ ਕੰਮ ਕਰਨ ਦੀ ਲੋੜ ਸਬੰਧੀ ਫ਼ੈਸਲਿਆਂ ਵਿਰੁੱਧ ਤਿੰਨ ਵੱਖ-ਵੱਖ ਨਿਆਇਕ ਰਿਵਿਊਆਂ ਨੂੰ ਰੱਦ ਕਰ ਦਿੱਤਾ। ਇਹ ਨਤੀਜੇ ਨਿਸ਼ਚਤਤਾ ਪ੍ਰਦਾਨ ਕਰਦੇ ਹਨ ਅਤੇ ਲੋਅਰ ਮੇਨਲੈਂਡ ਵਿੱਚ ਕੰਟੇਨਰ ਟਰੱਕਿੰਗ ਨੂੰ ਨਿਯੰਤ੍ਰਿਤ ਕਰਨ ਵਾਲੇ ਨਿਯਮਾਂਕ ਢਾਂਚੇ ਦੇ ਚੱਲ ਰਹੇ ਉਪਯੋਗ ਦੀ ਪੁਸ਼ਟੀ ਕਰਦੇ ਹਨ।

ਅਸੀ ਹਾਲੀਆ ਫ਼ੈਸਲਿਆਂ ਰਾਹੀ ਆਫ਼-ਡੌਕ ਲਾਗੂਕਰਨ ਪ੍ਰਤੀ ਆਪਣੀ ਵਚਨਬੱਧਤਾ ਵਿੱਚ ਅਡਿੱਠੇ ਰਹੇ। ਇਸ ਖੇਤਰ ਵਿੱਚ ਪਾਲਣਾ ਨੂੰ ਯਕੀਨੀ ਬਣਾਉਣਾ ਉਦਯੋਗ ਵਿੱਚ ਨਿਰਪੱਖਤਾ ਅਤੇ ਜਵਾਬਦੇਹੀ ਨੂੰ ਕਾਇਮ ਰੱਖਣ ਅਤੇ ਡਰਾਈਵਰਾਂ ਅਤੇ ਲਾਈਸੈਂਸੀਸ ਦੇ ਹਿਤਾਂ ਦੀ ਰੱਖਿਆ ਕਰਨ ਲਈ ਅਤਿ-ਆਵਸ਼ਯਕ ਹੈ। ਅਸੀ ਉਲੰਘਣਾਵਾਂ ਦੀ ਨਿਗਰਾਨੀ ਅਤੇ ਉਹਨਾਂ ਦੇ ਹੱਲ ਕਰਨ ਲਈ ਚੌਕਸ ਰਹਾਂਗੇ।

ਓ ਬੀ ਸੀ ਸੀ ਟੀ ਸੀ 2026 ਸੀ ਟੀ ਐੱਸ ਲਾਈਸੈਂਸ ਦੀ ਤਿਆਰੀ ਵਿੱਚ ਆਪਣੀਆਂ ਨੀਤੀਆਂ, ਪ੍ਰਕਿਰਿਆਵਾਂ ਅਤੇ ਦਸਤਾਵੇਜ਼ਾਂ ਦੀ ਸਮੀਖਿਆ ਕਰ ਰਿਹਾ ਹੈ। ਇਸ ਕੰਮ ਦਾ ਉੱਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਲਾਈਸੈਂਸੀਸ ਕੰਟੇਨਰ ਟਰੱਕਿੰਗ ਐਕਟ ਅਤੇ ਅਤੇ ਰੈਗੂਲੇਸ਼ਨ ਦੇ ਤਹਿਤ ਆਪਣੀਆਂ ਜ਼ਿੰਮੇਵਾਰੀਆਂ ਪੂਰੀਆਂ ਕਰਨ ਲਈ ਚੰਗੀ ਤਰ੍ਹਾਂ ਤਿਆਰ ਹੋਣ।

ਸੱਚੇ ਦਿਲੋਂ,
ਗਲੈੱਨ ਮੈਕਇੰਨਸ
ਕੰਟੇਨਰ ਟਰੱਕਿੰਗ ਕਮਿਸ਼ਨਰ

## ਲਾਈਸੈਂਸੀਸ ਅਤੇ ਡਰਾਈਵਰਾਂ ਲਈ ਸ੍ਰੋਤ

**ਆਫ਼ਿਸ ਆਫ਼ ਦੀ ਬੀ ਸੀ ਕੰਟੇਨਰ ਟਰੱਕਿੰਗ ਕਮਿਸ਼ਨਰ**
604-660-6051
obcctc.ca

**ਕੌਨਫ਼ੀਡੈਂਸ਼ਲ ਡਰੇਅਜ ਕੰਪਲੇਂਟ ਲਾਈਨ (ਕੌਨਫ਼ੀਡੈਂਸਲਾਈਨ)**
1-877-713-5109
obcctc.ca/confidence-line

**ਵੈਨਕੂਵਰ ਫਰੇਜ਼ਰ ਪੋਰਟ ਅਥਾਰਿਟੀ ਟੀ ਐੱਲ ਐੱਸ ਐਡਮਨਿਸਟਰੇਟਰ**
604-665-9333

**ਓ ਬੀ ਸੀ ਸੀ ਟੀ ਸੀ ਰੇਟ ਆਰਡਰ**
obcctc.ca/rate-order

**ਓ ਬੀ ਸੀ ਸੀ ਟੀ ਸੀ ਦੇ ਫ਼ੈਸਲੇ**
obcctc.ca/decisions

**ਓ ਬੀ ਸੀ ਸੀ ਟੀ ਸੀ ਦੀਆਂ ਪਾਲਸੀਆਂ**
obcctc.ca/policies

**ਓ ਬੀ ਸੀ ਸੀ ਟੀ ਸੀ ਇੰਡਸਟਰੀ ਮਿਮੋਜ਼**
obcctc.ca/industry-communications

***ਕੰਟੇਨਰ ਟਰੱਕਿੰਗ ਐਕਟ***
obcctc.ca/act

***ਕੰਟੇਨਰ ਟਰੱਕਿੰਗ ਰੈਗੂਲੇਸ਼ਨ***
obcctc.ca/regulation

# ਨਵਾਂ ਕੀ ਹੈ

## ਆਫ਼-ਡੌਕ ਇਨਫ਼ੋਰਸਮੈਂਟ

ਪਹਿਲਾਂ ਜਾਰੀ ਕੀਤੀ ਗਈ ਇੰਡਸਟਰੀ ਐਡਵਾਈਜ਼ਰੀ ਦੇ ਸੰਦਰਭ ਵਿੱਚ, ਓ ਬੀ ਸੀ ਸੀ ਟੀ ਸੀ ਆਪਣੇ ਮਾਰਗਦਰਸ਼ਨ ਦੀ ਪੁਸ਼ਟੀ ਕਰਦਾ ਹੈ ਕਿ ਲੋਅਰ ਮੇਨਲੈਂਡ ਵਿੱਚ ਰੇਲ ਯਾਰਡਾਂ ਅਤੇ ਹੋਰ ਥਾਵਾਂ ਵਿਚਕਾਰ ਲਾਈਸੈਂਸੀਸ ਦੁਆਰਾ ਕੰਟੇਨਰਾਂ ਦੀ ਆਵਾਜਾਈ ਆਫ਼-ਡੌਕ ਯਾਤਰਾਵਾਂ ਹਨ ਜੋ ਨਿਯੰਤ੍ਰਿਤ ਰੇਟਾਂ ਦੇ ਅਧੀਨ ਹਨ, ਭਾਵੇਂ ਉਹਨਾਂ ਨੂੰ ਕਿਵੇਂ ਵੀ ਲੇਬਲ ਕੀਤਾ ਗਿਆ ਹੋਵੇ। ਲਾਈਸੈਂਸੀਸ ਨੂੰ ਟੈਗ ਕੀਤੇ ਟਰੱਕਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਡਰਾਈਵਰਾਂ ਨੂੰ ਇਹਨਾਂ ਯਾਤਰਾਵਾਂ ਲਈ ਸਥਾਪਿਤ ਰੇਟਾਂ ਦਾ ਭੁਗਤਾਨ ਕਰਨਾ ਚਾਹੀਦਾ ਹੈ। ਬੀ ਸੀ ਸੁਪਰੀਮ ਕੋਰਟ ਦੁਆਰਾ ਸਿਮਾਰਡ ਵੈਸਟਲਿੰਕ ਲਿਮਿਟਿਡ ਦੀ ਨਿਆਇਕ ਰਿਵਿਊ ਪਟੀਸ਼ਨ (ਇਸ ਬਾਰੇ ਹੋਰ ਵੇਰਵੇ ਨਿਆਇਕ ਰਿਵਿਊ ਭਾਗ ਵਿੱਚ) ਨੂੰ ਹਾਲ ਹੀ ਵਿੱਚ ਖਾਰਜ ਕਰਨਾ ਕਮਿਸ਼ਨਰ ਦੁਆਰਾ ਪਹਿਲਾਂ ਜਾਰੀ ਕੀਤੀ ਗਈ ਇੰਡਸਟਰੀ ਐੱਡਵਾਈਜ਼ਰੀ ਵਿੱਚ ਸਪੱਸ਼ਟ ਕੀਤੇ ਗਏ ਸ਼ਬਦਾਂ ਨੂੰ ਹੋਰ ਮਜ਼ਬੂਤੀ ਦਿੰਦਾ ਹੈ ਅਤੇ ਇਹਨਾਂ ਜ਼ਰੂਰਤਾਂ ਦੀ ਪਾਲਣਾ ਦੀ ਮਹੱਤਤਾ ਨੂੰ ਦਰਸਾਉਂਦਾ ਹੈ।


ਇੱਥੇ ਇੰਡਸਟਰੀ ਐਡਵਾਈਜ਼ਰੀ ਪੜ੍ਹੋ

## ਡਰਾਈਵਰਾਂ ਦਾ ਗਲਤ ਵਰਗੀਕਰਨ

ਲੋਅਰ ਮੇਨਲੈਂਡ ਡਰੇਅਜ ਸੈਕਟਰ ਵਿੱਚ ਡਰਾਈਵਰਾਂ ਦਾ ਗਲਤ ਵਰਗੀਕਰਨ ਇੱਕ ਦੁਹਰਾਉਂਦਾ ਚਿੰਤਾ ਦਾ ਵਿਸ਼ਾ ਹੈ, ਜਿਸ ਦੇ ਚਲਦੇ ਸ਼ਿਕਾਇਤਾਂ ਟਰੱਕ ਟੈਗਸ ਦੀ ਗਲਤ ਵਰਤੋਂ ਅਤੇ ਕੰਟੇਨਰ ਟਰੱਕਿੰਗ ਐਕਟ ਦੇ ਤਹਿਤ ਡਰਾਈਵਰਾਂ ਦੇ ਗਲਤ ਵਰਗੀਕਰਨ ਨੂੰ ਉਜਾਗਰ ਕਰਦੀਆਂ ਹਨ। ਗਲਤ ਵਰਗੀਕਰਨ ਡਰਾਈਵਰਾਂ ਨੂੰ ਨਿਯੰਤ੍ਰਿਤ ਰੇਟਾਂ ਅਤੇ ਸਹੀ ਹੱਕਾਂ ਤੋਂ ਵੰਚਿਤ ਕਰ ਸਕਦਾ ਹੈ ਅਤੇ ਪਿਛਲੇ ਮਾਮਲਿਆਂ ਵਿੱਚ ਪ੍ਰਬੰਧਕੀ ਜੁਰਮਾਨੇ ਅਤੇ ਤਨਖਾਹਾਂ ਦੀ ਅਦਾਇਗੀ ਦਾ ਕਾਰਨ ਬਣਿਆ ਹੈ। ਪਾਲਣਾ ਨੂੰ ਮਜ਼ਬੂਤ ਕਰਨ ਲਈ, ਓ ਬੀ ਸੀ ਸੀ ਟੀ ਸੀ ਨੇ 2023 ਵਿੱਚ ਓ ਬੀ ਸੀ ਸੀ ਟੀ ਸੀ ਟਰੱਕ ਟੈਗ ਡੈਕਲ ਪੇਸ਼ ਕੀਤਾ ਤਾਂ ਜੋ ਕੰਪਨੀ ਟੈਗਸ ਅਤੇ ਇੰਡੀਪੈਂਡੈਂਟ ਓਪਰੇਟਰ ਟੈਗਸ ਨੂੰ ਸਪਸ਼ਟ ਤੌਰ 'ਤੇ ਵੱਖਰਾ ਦਰਸ਼ਾਇਆ ਜਾ ਸਕੇ। 2024 ਸੀ ਟੀ ਐੱਸ ਲਾਈਸੈਂਸ ਨੂੰ ਵੀ ਅਪਡੇਟ ਕੀਤਾ ਗਿਆ ਸੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਡਰਾਈਵਰਾਂ ਨੂੰ ਲਾਈਸੈਂਸੀਸ ਤੋਂ ਇੱਕ ਪੂਰਾ ਅਤੇ ਵਿਆਪਕ ਤਨਖਾਹ ਬਿਆਨ ਮਿਲੇ। ਕਮਿਸ਼ਨਰ ਡਰਾਈਵਰਾਂ ਦੀ ਸੁਰੱਖਿਆ ਲਈ ਵਚਨਬੱਧ ਹਨ ਅਤੇ ਜੇਕਰ ਕਿਸੇ ਡਰਾਈਵਰ ਨੂੰ ਲੱਗਦਾ ਹੈ ਕੇ ਉਹਨਾਂ ਦਾ ਗ਼ਲਤ ਵਰਗੀਕਰਨ ਕੀਤਾ ਜਾ ਰਿਹਾ ਹੈ, ਤਾਂ ਉਹਨਾਂ ਡਰਾਈਵਰਾਂ ਨੂੰ ਸਾਡੀ ਕੌਨਫ਼ਿਡੈਂਸਲਾਈਨ (1-877-713-5109) ਰਾਹੀ ਸਾਨੂੰ ਸੰਪਰਕ ਕਰਨ ਦੀ ਸਲਾਹ ਦੇਂਦੇ ਹਨ।

ਇੱਥੇ ਬੁਲੇਟਿਨ ਪੜ੍ਹੋ

# ਨਿਯਮਾਂ ਦੀ ਪਾਲਣਾ ਬਾਰੇ ਓ ਬੀ ਸੀ ਸੀ ਟੀ ਸੀ ਵੱਲੋਂ ਤਾਜ਼ਾ ਜਾਣਕਾਰੀ





# ਤਾਜ਼ਾ ਫ਼ੈਸਲੇ

### ਕੈਨੇਡਾ ਡਰੇਅਜ ਇੰਕ. (ਸੀ ਟੀ ਸੀ ਫ਼ੈਸਲਾ ਨੰ. 33/2025) [ਰੀਕਨਸਿਡਰੇਸ਼ਨ ਫ਼ੈਸਲਾ]

ਇਸ ਰੀਕਨਸਿਡਰੇਸ਼ਨ ਫ਼ੈਸਲੇ ਵਿੱਚ ਕਮਿਸ਼ਨਰ ਨੇ ਫ਼ੈਸਲੇ ਦੇ ਨੋਟਿਸ 'ਤੇ ਪੁਨਰਵਿਚਾਰ ਦੀ ਅਰਜ਼ੀ ਨੂੰ ਖਾਰਜ ਕਰ ਦਿੱਤਾ ਅਤੇ 10,000.00 ਡਾਲਰ ਦੇ ਪ੍ਰਬੰਧਕੀ ਜੁਰਮਾਨੇ ਨੂੰ ਅਤੇ 6 ਮਹੀਨਿਆਂ ਤੱਕ ਸੀ ਟੀ ਐੱਸ ਲਾਈਸੈਂਸ ਮੁਅੱਤਲੀ ਨੂੰ ਬਰਕਰਾਰ ਰੱਖਿਆ।

### ਰੇ-ਮੌਂਟ ਲੌਜਿਸਟਿਕਸ ਵੈਨਕੂਵਰ ਇੰਕ. (ਸੀ ਟੀ ਸੀ ਫ਼ੈਸਲਾ ਨੰ. 32/2025) – 800.00 ਡਾਲਰ ਜੁਰਮਾਨਾ

ਰੇ-ਮੌਂਟ ਲੌਜਿਸਟਿਕਸ ਵੈਨਕੂਵਰ ਇੰਕ. ਨੂੰ 6 ਜੂਨ, 2025 ਨੂੰ ਲੋਅਰ ਮੇਨਲੈਂਡ ਵਿੱਚ ਇੱਕ ਟਰੱਕ ਜਿਸ ਉੱਤੇ ਵੈਧ ਓ ਬੀ ਸੀ ਸੀ ਟੀ ਸੀ ਐਕਸਪੈਰੀ ਡੈਕਲ ਨਹੀ ਸੀ, ਦੀ ਵਰਤੋਂ ਕਰ ਕੇ ਕੰਟੇਨਰ ਟਰੱਕਿੰਗ ਸੇਵਾਵਾਂ ਪ੍ਰਦਾਨ ਕਰਨ ਕਾਰਨ ਸੀ ਟੀ ਐੱਸ ਲਾਈਸੈਂਸ ਦੀ ਉਲੰਘਣਾ ਕਰਦੇ ਪਾਇਆ ਗਿਆ। ਨਤੀਜੇ ਵਜੋਂ ਉਹਨਾਂ ਨੂੰ 800.00 ਡਾਲਰ ਦੀ ਰਕਮ ਵਿੱਚ ਪ੍ਰਬੰਧਕੀ ਜੁਰਮਾਨਾ ਲਗਾਇਆ ਗਿਆ।

### ਓਰਕਾ ਕੈਨੇਡਿਅਨ ਟਰਾਂਸਪੋਰਟ ਲਿਮਿਟਿਡ (ਸੀ ਟੀ ਸੀ ਫ਼ੈਸਲਾ ਨੰ. 31/2025) – 700.00 ਡਾਲਰ ਜੁਰਮਾਨਾ

ਓਰਕਾ ਕੈਨੇਡਿਅਨ ਟਰਾਂਸਪੋਰਟ ਲਿਮਿਟਿਡ ਨੂੰ 7 ਮਈ 2025 ਨੂੰ ਲੋਅਰ ਮੇਨਲੈਂਡ ਵਿੱਚ ਇੱਕ ਟਰੱਕ ਜਿਸ ਉੱਤੇ ਵੈਧ ਓ ਬੀ ਸੀ ਸੀ ਟੀ ਸੀ ਟੈਗ ਨਹੀ ਸੀ, ਦੀ ਵਰਤੋਂ ਕਰ ਕੇ ਕੰਟੇਨਰ ਟਰੱਕਿੰਗ ਸੇਵਾਵਾਂ ਪ੍ਰਦਾਨ ਕਰਨ ਕਾਰਨ ਸੀ ਟੀ ਐੱਸ ਲਾਈਸੈਂਸ ਦੀ ਉਲੰਘਣਾ ਕਰਦੇ ਪਾਇਆ ਗਿਆ। ਨਤੀਜੇ ਵਜੋਂ ਉਹਨਾਂ ਨੂੰ 700.00 ਡਾਲਰ ਦੀ ਰਕਮ ਵਿੱਚ ਪ੍ਰਬੰਧਕੀ ਜੁਰਮਾਨਾ ਲਗਾਇਆ ਗਿਆ।

### ਗੁਲਜ਼ਾਰ ਟਰਾਂਸਪੋਰਟ ਇੰਕ. (ਸੀ ਟੀ ਸੀ ਫ਼ੈਸਲਾ ਨੰ. 30/2025) – 6,000.00 ਡਾਲਰ ਜੁਰਮਾਨਾ

ਗੁਲਜ਼ਾਰ ਟਰਾਂਸਪੋਰਟ ਇੰਕ. ਨੂੰ ਮਾਰਚ, ਅਪ੍ਰੈਲ, ਮਈ ਅਤੇ ਜੂਨ 2025 ਵਿੱਚ ਕੀਤੇ ਗਏ ਕੰਮ ਲਈ ਨਿਯੰਤ੍ਰਿਤ ਸਮਾਂ-ਸੀਮਾਵਾਂ ਦੇ ਅੰਦਰ ਆਪਣੇ ਆਈ/ਓ ਨੂੰ ਭੁਗਤਾਨ ਕਰਨ ਵਿੱਚ ਅਸਫ਼ਲ ਰਹਿਣ ਕਰ ਕੇ *ਰੈਗੂਲੇਸ਼ਨ* ਦੀ ਉਲੰਘਣਾ ਕਰਦੇ ਪਾਇਆ ਗਿਆ। ਨਤੀਜੇ ਵਜੋਂ ਉਹਨਾਂ ਨੂੰ 6,000.00 ਡਾਲਰ ਦੀ ਰਕਮ ਵਿੱਚ ਪ੍ਰਬੰਧਕੀ ਜੁਰਮਾਨਾ ਲਗਾਇਆ ਗਿਆ।

### ਫ਼ੁੱਲ ਲੋਡ ਟਰਾਂਸਪੋਰਟ ਸਰਵਿਸਿਜ਼ ਇੰਕ. (ਸੀ ਟੀ ਸੀ ਫ਼ੈਸਲਾ ਨੰ. 29/2025) – 10,000.00 ਡਾਲਰ ਜੁਰਮਾਨਾ

ਫ਼ੁੱਲ ਲੋਡ ਟਰਾਂਸਪੋਰਟ ਸਰਵਿਸਿਜ਼ ਇੰਕ. ਨੂੰ ਆਪਣੇ ਕੰਪਨੀ ਡਰਾਈਵਰਾਂ ਨੂੰ 3,845.26 ਡਾਲਰ ਦਾ ਬਕਾਇਆ ਭੁਗਤਾਨ ਕਰਨ ਵਿੱਚ ਅਸਫ਼ਲ ਹੋਣ ਕਰਕੇ *ਐਕਟ* ਦੇ ਅਨੁਸਾਰ ਨਿਯੰਤ੍ਰਿਤ ਰੇਟਾਂ ਦਾ ਭੁਗਤਾਨ ਕਰਨ ਵਿੱਚ ਅਸਫ਼ਲ ਪਾਇਆ ਗਿਆ। ਨਤੀਜੇ ਵਜੋਂ ਉਹਨਾਂ ਨੂੰ 10,000.00 ਡਾਲਰ ਦੀ ਰਕਮ ਵਿੱਚ ਪ੍ਰਬੰਧਕੀ ਜੁਰਮਾਨਾ ਲਗਾਇਆ ਗਿਆ।

### ਕੈਨਐਨ ਸ਼ਿਪਿੰਗ ਕੰਪਨੀ ਲਿਮਿਟਿਡ (ਸੀ ਟੀ ਸੀ ਫ਼ੈਸਲਾ ਨੰ. 28/2025) – 3,000.00 ਡਾਲਰ ਜੁਰਮਾਨਾ

ਕੈਨਐਨ ਸ਼ਿਪਿੰਗ ਕੰਪਨੀ ਲਿਮਿਟਿਡ ਨੂੰ ਜੁਲਾਈ ਅਤੇ ਸਤੰਬਰ 2024 ਵਿੱਚ ਕੀਤੇ ਗਏ ਕੰਟੇਨਰ ਟਰੱਕਿੰਗ ਕੰਮ ਲਈ ਕੰਪਨੀ ਡਰਾਈਵਰਾਂ ਨੂੰ ਨਿਯੰਤ੍ਰਿਤ ਰੇਟਾਂ ਦਾ ਭੁਗਤਾਨ ਕਰਨ ਵਿੱਚ ਅਸਫ਼ਲ ਪਾਇਆ ਗਿਆ। ਨਤੀਜੇ ਵਜੋਂ ਉਹਨਾਂ ਨੂੰ 3,000.00 ਡਾਲਰ ਦੀ ਰਕਮ ਵਿੱਚ ਪ੍ਰਬੰਧਕੀ ਜੁਰਮਾਨਾ ਲਗਾਇਆ ਗਿਆ।

### ਕੈਨਸਟਾਰ ਟਰੱਕਿੰਗ ਕੰਪਨੀ ਲਿਮਿਟਿਡ (ਸੀ ਟੀ ਸੀ ਫ਼ੈਸਲਾ ਨੰ. 27/2025) – 2,000.00 ਡਾਲਰ ਜੁਰਮਾਨਾ

ਕੈਨਸਟਾਰ ਟਰੱਕਿੰਗ ਕੰਪਨੀ ਲਿਮਿਟਿਡ ਨੂੰ ਫ਼ਰਵਰੀ ਅਤੇ ਅਪ੍ਰੈਲ 2021 ਵਿੱਚ *ਐਕਟ* ਅਤੇ ਉਹਨਾਂ ਦੇ ਸੀ ਟੀ ਐੱਸ ਲਾਈਸੈਂਸ ਦੀ ਉਲੰਘਣਾ ਕਰ ਕੇ ਤਨਖਾਹ ਰਿਕਾਰਡ ਰੱਖਣ ਅਤੇ ਪ੍ਰਦਾਨ ਕਰਨ ਵਿੱਚ ਅਸਫ਼ਲ ਪਾਇਆ ਗਿਆ। ਨਤੀਜੇ ਵਜੋਂ ਉਹਨਾਂ ਨੂੰ 2,000.00 ਡਾਲਰ ਦੀ ਰਕਮ ਵਿੱਚ ਪ੍ਰਬੰਧਕੀ ਜੁਰਮਾਨਾ ਲਗਾਇਆ ਗਿਆ।

### ਕੈਨੇਡਾ ਡਰੇਅਜ ਇੰਕ. (ਸੀ ਟੀ ਸੀ ਫ਼ੈਸਲਾ ਨੰ. 26/2025) – 10,000.00 ਡਾਲਰ ਜੁਰਮਾਨਾ ਅਤੇ ਲਾਈਸੈਂਸ ਮੁਅੱਤਲ

ਕੈਨੇਡਾ ਡਰੇਅਜ ਇੰਕ. ਨੂੰ ਲੋਅਰ ਮੇਨਲੈਂਡ ਵਿੱਚ ਬਿਨਾ ਟੈਗ ਦੇ ਟਰੱਕਾਂ ਨਾਲ ਕੰਟੇਨਰ ਟਰੱਕਿੰਗ ਸੇਵਾਵਾਂ ਪ੍ਰਦਾਨ ਕਰਨ ਅਤੇ ਮੰਗੇ ਗਏ ਰਿਕਾਰਡ ਪ੍ਰਦਾਨ ਕਰਨ ਵਿੱਚ ਅਸਫ਼ਲ ਰਹਿਣ ਕਰਕੇ ਆਪਣੇ ਸੀ ਟੀ ਐੱਸ ਲਾਈਸੈਂਸ ਦੀ ਉਲੰਘਣਾ ਕਰਦੇ ਪਾਇਆ ਗਿਆ। ਨਤੀਜੇ ਵਜੋਂ ਉਹਨਾਂ ਨੂੰ 10,000.00 ਡਾਲਰ ਦੀ ਰਕਮ ਵਿੱਚ ਪ੍ਰਬੰਧਕੀ ਜੁਰਮਾਨਾ ਲਗਾਇਆ ਗਿਆ ਅਤੇ ਜਦੋਂ ਤੱਕ ਉਹ ਓ ਬੀ ਸੀ ਸੀ ਟੀ ਸੀ ਨੂੰ ਮੰਗੇ ਗਏ ਰਿਕਾਰਡ ਪ੍ਰਦਾਨ ਨਹੀਂ ਕਰਦੇ, ਜਾਂ ਛੇ ਮਹੀਨਿਆਂ ਲਈ, ਜੋ ਵੀ ਜਲਦੀ ਹੋਵੇ, ਉਹਨਾਂ ਦਾ ਲਾਈਸੈਂਸ ਮੁਅੱਤਲ ਕੀਤਾ ਗਿਆ।

### ਟਰੈਜ਼ ਬੀ ਸੀ ਫ਼ਰੇਟ ਲਿਮਿਟਿਡ (ਸੀ ਟੀ ਸੀ ਫ਼ੈਸਲਾ ਨੰ. 25/2025) – 3,000.00 ਡਾਲਰ ਜੁਰਮਾਨਾ

ਇਹ ਪਾਇਆ ਗਿਆ ਕਿ ਟਰੈਜ਼ ਬੀ ਸੀ ਫ਼ਰੇਟ ਲਿਮਿਟਿਡ 16 ਜੁਲਾਈ, 2021 ਅਤੇ 30 ਅਕਤੂਬਰ, 2022 ਦੇ ਵਿਚਕਾਰ ਇੱਕ ਕੰਪਨੀ ਡਰਾਈਵਰ ਨੂੰ *ਐਕਟ* ਦੇ ਅਨੁਸਾਰ ਨਿਯੰਤ੍ਰਿਤ ਰੇਟ ਦਾ ਭੁਗਤਾਨ ਕਰਨ ਵਿੱਚ ਅਸਫ਼ਲ ਰਿਹਾ ਅਤੇ ਉਹਨਾਂ 'ਤੇ 5,659.12 ਡਾਲਰ ਬਕਾਇਆ ਸੀ। ਨਤੀਜੇ ਵਜੋਂ ਉਹਨਾਂ ਨੂੰ 3,000.00 ਡਾਲਰ ਦੀ ਰਕਮ ਵਿੱਚ ਪ੍ਰਬੰਧਕੀ ਜੁਰਮਾਨਾ ਲਗਾਇਆ ਗਿਆ।

### ਅਹੀਰ ਟਰਾਂਸਪੋਰਟੇਸ਼ਨ ਲਿਮਿਟਿਡ (ਸੀ ਟੀ ਸੀ ਫ਼ੈਸਲਾ ਨੰ. 15/2025) – 3,000.00 ਡਾਲਰ ਜੁਰਮਾਨਾ

ਅਹੀਰ ਟਰਾਂਸਪੋਰਟੇਸ਼ਨ ਲਿਮਿਟਿਡ ਨੂੰ 4-6 ਮਾਰਚ, 2025 ਨੂੰ ਲੋਅਰ ਮੇਨਲੈਂਡ ਵਿੱਚ ਵੈਧ ਓ ਬੀ ਸੀ ਸੀ ਟੀ ਸੀ ਟੈਗ ਤੋਂ ਬਿਨਾ ਟਰੱਕਾਂ ਦੀ ਵਰਤੋਂ ਕਰ ਕੇ ਕੰਟੇਨਰ ਟਰੱਕਿੰਗ ਸੇਵਾਵਾਂ ਪ੍ਰਦਾਨ ਕਰ ਕੇ ਸੀ ਟੀ ਐੱਸ ਲਾਈਸੈਂਸ ਦੀ ਉਲੰਘਣਾ ਕਰਦੇ ਪਾਇਆ ਗਿਆ। ਨਤੀਜੇ ਵਜੋਂ ਉਹਨਾਂ ਨੂੰ 3,000.00 ਡਾਲਰ ਦੀ ਰਕਮ ਵਿੱਚ ਪ੍ਰਬੰਧਕੀ ਜੁਰਮਾਨਾ ਲਗਾਇਆ ਗਿਆ।

### ਗੈਨਟਰੀ ਟਰੱਕਿੰਗ ਲਿਮਿਟਿਡ ਅਤੇ ਟੀ ਐੱਸ ਡੀ ਹੋਲਡਿੰਗ ਇੰਕ. (ਸੀ ਟੀ ਸੀ ਫ਼ੈਸਲਾ ਨੰ. 11/2025) – ਦੋਹਾਂ ਨੂੰ 5,000.00 ਡਾਲਰ ਜੁਰਮਾਨਾ

10 ਅਕਤੂਬਰ, 2023 ਨੂੰ ਇੱਕ ਆਡਿਟ ਤੋਂ ਪੈਦਾ ਹੋਏ ਆਦੇਸ਼ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਹਿਣ ਕਰਕੇ ਗੈਨਟਰੀ ਟਰੱਕਿੰਗ ਲਿਮਿਟਿਡ ਅਤੇ ਟੀ ਐੱਸ ਡੀ ਹੋਲਡਿੰਗ ਇੰਕ. ਨੂੰ *ਐਕਟ* ਦੀ ਉਲੰਘਣਾ ਕਰਦੇ ਪਾਇਆ ਗਿਆ। ਨਤੀਜੇ ਵਜੋਂ ਦੋਵੇਂ ਲਾਈਸੈਂਸੀਸ 'ਤੇ ਵੱਖ-ਵੱਖ 5,000.00 ਡਾਲਰ ਦੀ ਰਕਮ ਵਿੱਚ ਪ੍ਰਬੰਧਕੀ ਜੁਰਮਾਨੇ ਲਗਾਏ ਗਏ।

### ਸੀਵਿਲ ਟਰਾਂਸਪੋਰਟ ਲੌਜਿਸਟਿਕਸ ਲਿਮਿਟਿਡ - ਪਾਲਣਾ ਕਰਨ ਦਾ ਆਦੇਸ਼

ਕਮਿਸ਼ਨਰ ਨੇ ਸੀਵਿਲ ਟਰਾਂਸਪੋਰਟ ਲੌਜਿਸਟਿਕਸ ਲਿਮਿਟਿਡ ਨੂੰ ਇੱਕ ਵੈਧ ਓ ਬੀ ਸੀ ਸੀ ਟੀ ਸੀ ਟੈਗ ਤੋਂ ਬਿਨਾਂ ਚੱਲ ਰਹੇ ਟਰੱਕ ਨਾਲ ਸਬੰਧਤ ਰਿਕਾਰਡ ਪੇਸ਼ ਕਰਨ ਦਾ ਹੁਕਮ ਦਿੱਤਾ।

ਓ ਬੀ ਸੀ ਸੀ ਟੀ ਸੀ ਦੇ ਸਾਰੇ ਫ਼ੈਸਲੇ ਇੱਥੇ ਵੇਖੋ

# ਨਿਆਇਕ ਰਿਵਿਊ

### ਸਿਮਾਰਡ ਵੈਸਟਲਿੰਕ ਇੰਕ. ਬਨਾਮ ਓ ਬੀ ਸੀ ਸੀ ਟੀ ਸੀ – ਬੀ ਸੀ ਸੁਪਰੀਮ ਕੋਰਟ ਦਾ ਫ਼ੈਸਲਾ

ਸਿਮਾਰਡ ਵੈਸਟਲਿੰਕ ਇੰਕ. ਨੇ ਬ੍ਰਿਟਿਸ਼ ਕੋਲੰਬੀਆ ਦੇ ਸੁਪਰੀਮ ਕੋਰਟ ਵਿੱਚ ਇੱਕ ਨਿਆਇਕ ਰਿਵਿਊ ਦਾਇਰ ਕੀਤਾ, ਜਿਸ ਵਿੱਚ ਲਾਈਸੈਂਸੀ ਦੁਆਰਾ ਲੋਅਰ ਮੇਨਲੈਂਡ ਵਿੱਚ ਥਾਵਾਂ (ਰੇਲਯਾਰਡ ਸਮੇਤ) ਵਿਚਕਾਰ ਕੰਟੇਨਰਾਂ ਨੂੰ ਲਿਜਾਣ ਵੇਲੇ ਸਿਰਫ਼ ਟੈਗ ਕੀਤੇ ਟਰੱਕਾਂ ਦੀ ਵਰਤੋਂ ਕਰਨ ਅਤੇ ਡਰਾਈਵਰਾਂ ਨੂੰ ਆਫ਼-ਡੌਕ ਰੇਟਾਂ ਦਾ ਭੁਗਤਾਨ ਕਰਨ ਦੀ ਜ਼ਰੂਰਤ ਨੂੰ ਚੁਣੌਤੀ ਦਿੱਤੀ ਗਈ ਸੀ। 4 ਨਵੰਬਰ, 2025 ਨੂੰ, ਬੀ ਸੀ ਸੁਪਰੀਮ ਕੋਰਟ ਨੇ ਸਿਮਾਰਡ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ।

### ਪਾਲ ਉੱਪਲ ਅਤੇ ਵਾਲਡੇਮਾਰ ਜ਼ਾਵੀਸ਼ਲੈੱਕ ਬਨਾਮ ਓ ਬੀ ਸੀ ਸੀ ਟੀ ਸੀ – ਬੀ ਸੀ ਸੁਪਰੀਮ ਕੋਰਟ ਦਾ ਫ਼ੈਸਲਾ

ਆਈ/ਓ ਲਿਸਟ 'ਤੇ ਦੋ ਇੰਡੀਪੈਂਡੈਂਟ ਓਪਰੇਟਰਾਂ ਨੇ ਸੀ ਟੀ ਐੱਸ ਲਾਈਸੈਂਸ (ਸਪਾਂਸਰਸ਼ਿਪ ਐਗਰੀਮੈਂਟ) ਦੀਆਂ ਜ਼ਰੂਰਤਾਂ ਨੂੰ ਚੁਣੌਤੀ ਦਿੰਦੇ ਹੋਏ ਇੱਕ ਨਿਆਇਕ ਰਿਵਿਊ ਦਾਇਰ ਕੀਤੀ। ਇਹ ਜ਼ਰੂਰਤਾਂ ਆਈ/ਓ ਨੂੰ ਇੱਕ ਆਈ ਈ ਓ ਨੂੰ ਪੂਰੇ ਸਮੇਂ ਵਰਤਣ ਤੋਂ ਰੋਕਦੀਆਂ ਹਨ ਅਤੇ ਆਈ/ਓ ਨੂੰ ਆਪਣੇ ਆਈ ਈ ਓ ਦੀ ਵਰਤੋਂ ਕਰ ਕੇ ਦੋ ਸਪਾਂਸਰਸ਼ਿਪ ਐਗਰੀਮੈਂਟਸ ਅਤੇ ਦੋ ਟਰੱਕ ਟੈਗਸ ਨੂੰ ਰੱਖਣ ਤੋਂ ਮਨਾਂ ਕਰਦੀਆਂ ਹਨ। 17 ਸਤੰਬਰ, 2025 ਨੂੰ, ਬੀ ਸੀ ਸੁਪਰੀਮ ਕੋਰਟ ਨੇ ਨਿਆਇਕ ਰਿਵਿਊ ਦੀ ਉਹਨਾਂ ਦੀ ਅਰਜ਼ੀ ਨੂੰ ਖਾਰਜ ਕਰ ਦਿੱਤਾ।

**ਹੋਰ ਨਿਆਇਕ ਰਿਵਿਊ ਇੱਥੇ ਵੇਖੋ**

# ਕੀ ਤੁਸੀਂ ਜਾਣਦੇ ਹੋ?

### ਸੀ ਟੀ ਐੱਸ ਲਾਈਸੈਂਸ ਸੁਰੱਖਿਆ ਬਾਂਡ

ਕੀ ਤੁਸੀਂ ਜਾਣਦੇ ਹੋ ਕਿ ਪਾਲਣਾ ਕਰਨ ਲਈ ਆਪਣੇ ਸੀ ਟੀ ਐੱਸ ਲਾਈਸੈਂਸ ਬਾਂਡ ਨੂੰ ਬਣਾਈ ਰੱਖਣਾ ਜ਼ਰੂਰੀ ਹੈ? ਲਾਈਸੈਂਸੀਸ ਨੂੰ ਹਰ ਸਮੇਂ ਪੂਰੀ ਬਾਂਡ ਰਕਮ ਰੱਖਣ ਦੀ ਲੋੜ ਹੁੰਦੀ ਹੈ, ਅਤੇ ਜੇਕਰ ਓ ਬੀ ਸੀ ਸੀ ਟੀ ਸੀ ਦੁਆਰਾ ਬਾਂਡ ਦਾ ਕੋਈ ਹਿੱਸਾ ਵਸੂਲਿਆ ਜਾਂਦਾ ਹੈ, ਤਾਂ ਸੂਚਿਤ ਕੀਤੇ ਜਾਣ ਦੇ 5 ਕਾਰੋਬਾਰੀ ਦਿਨਾਂ ਦੇ ਅੰਦਰ ਉਸਨੂੰ ਦੁਬਾਰਾ ਸਥਾਪਿਤ ਕੀਤਾ ਜਾਣਾ ਚਾਹੀਦਾ ਹੈ। ਇਸ ਲੋੜ ਨੂੰ ਪੂਰਾ ਕਰਨ ਵਿੱਚ ਅਸਫ਼ਲਤਾ ਲਾਈਸੈਂਸ ਦੇ ਅਧੀਨ ਇੱਕ ਡਿਫ਼ਾਲਟ ਬਣਦੀ ਹੈ। ਇਹ ਲੋੜਾਂ ਲੋਅਰ ਮੇਨਲੈਂਡ ਵਿੱਚ ਨਿਰਪੱਖ, ਸਥਿਰ ਕੰਟੇਨਰ ਟਰੱਕਿੰਗ ਉਦਯੋਗ ਨੂੰ ਯਕੀਨੀ ਬਣਾਉਂਦੀਆਂ ਹਨ।




OFFICE OF THE
BRITISH COLUMBIA CONTAINER
TRUCKING COMMISSIONER

1085 ਕੈਮਬੀ ਸਟ੍ਰੀਟ, ਵੈਨਕੂਵਰ ਬੀ ਸੀ V6B 5L7
ਫ਼ੋਨ: 604-660-6051 | ਫ਼ੈਕਸ: 604-660-6045 | ਈਮੇਲ: info@obcctc.ca | obcctc.ca